# ਪੰਜਾਬ ਸਰਕਾਰ
# ਰਾਸਟਰੀ ਸਿਹਤ ਮਿਸ਼ਨ
# ਸਿਹਤ ਤੇ ਪਰਿਵਾਰ ਭਲਾਈ ਵਿਭਾਗ

ਪੰਜਵੀਂ ਮੰਜਿਲ, ਪਰਿਆਸ ਬਿਲਡਿੰਗ, ਦੱਖਣ ਮਾਰਗ, ਸੈਕਟਰ 38- ਬੀ ਚੰਡੀਗੜ, 160036
☎. 0172-4012011, 4012012, **Fax:** 0172-4012013

No. NHM/Pb/21/7063 dated:- 18/6/2021

ਹੁਕਮ

ਰਾਸ਼ਟਰੀ ਸਿਹਤ ਮਿਸ਼ਨ ਪੰਜਾਬ ਅਧੀਨ ਠੇਕਾ ਅਧਾਰਿਤ ਕਰਮਚਾਰੀਆਂ ਦੀ ਸੇਵਾਂਵਾ ਦੇਣ ਦੀ ਉਪਰੀ ਉਮਰ ਸੀਮਾਂ ਤਹਿ ਕਰਨ ਸਬੰਧੀ ਪਹਿਲਾਂ ਜਾਰੀ ਹੁਕਮ ਨੰ 6587 ਮਿਤੀ 31.08.2018 ਵਿਚ ਪੰਜਾਬ ਸਰਕਾਰ ਦੀਆਂ ਹਦਾਇਤਾਂ ਮਿਤੀ 02.03.2020 ਮੁਤਾਬਿਕ ਸੋਧ ਕਰਦੇ ਹੋਏ ਹੇਠ ਲਿਖੇ ਅਨੁਸਾਰ ਸੇਵਾਂਵਾ ਦੇਣ ਦੀ ਉਪਰੀ ਉਮਰ ਸੀਮਾਂ ਤਹਿ ਕੀਤੀ ਜਾਂਦੀ ਹੈ:-

1. ਐਨ.ਐਚ.ਐਮ. ਅਧੀਨ ਠੇਕਾ ਅਧਾਰਿਤਾ ਸਮੂਹ ਸਟਾਫ ( ਮਾਹਿਰ ਡਾਕਟਰ ਅਤੇ ਮੈਡੀਕਲ ਅਫਸਰ (MBBS) ਤੋਂ ਬਿਨਾਂ, ਕਿਉ ਕਿ ਇਹਨਾਂ ਦੀ ਉਮਰ ਸੀਮਾਂ ਦਫਤਰੀ ਹੁਕਮ ਨੰ 65183 ਮਿਤੀ 23.03.2021 ਮੁਤਾਬਿਕ ਤਹਿ ਹੈ) ਦੀ ਸੇਵਾਂਵਾ ਦੇਣ ਦੀ ਉਪਰੀ ਉਮਰ ਸੀਮਾ 58 ਸਾਲ (fifty eight years) ਤਹਿ ਕੀਤੀ ਜਾਂਦੀ ਹੈ।58 ਸਾਲ ਦਾ ਸਮਾਂ ਕਰਮਚਾਰੀ ਦੀ ਜਨਮ ਮਿਤੀ ਤੋਂ ਮੰਨਿਆ ਜਾਵੇਗਾ ਅਤੇ ਜਿਸ ਮਹੀਨੇ ਇਹ ਕਰਮਚਾਰੀ ਆਪਣੀ 58 ਸਾਲ ਦੀ ਉਮਰ ਪੂਰੀ ਕਰਨਗੇ, ਉਸ ਮਹੀਨੇ ਦੀ ਆਖਰੀ ਮਿਤੀ ਨੂੰ ਐਨ.ਐਚ.ਐਮ. ਦੀਆਂ ਸੇਵਾਂਵਾ ਤੋਂ ਸੇਵਾ ਮੁਕਤ ਕਰ ਦਿੱਤਾ ਜਾਵੇਗਾ।

2. ਦਰਜਾ ਚਾਰ ਕਰਮਚਾਰੀਆਂ ਦੀ ਸੇਵਾਂਵਾ ਦੇਣ ਦੀ ਉਪਰੀ ਉਮਰ ਸੀਮਾ 60 ਸਾਲ ਤਹਿ ਕੀਤੀ ਜਾਂਦੀ ਹੈ।60 ਸਾਲ ਦਾ ਸਮਾਂ ਕਰਮਚਾਰੀ ਦੀ ਜਨਮ ਮਿਤੀ ਤੋਂ ਮੰਨਿਆ ਜਾਵੇਗਾ ਅਤੇ ਜਿਸ ਮਹੀਨੇ ਇਹ ਕਰਮਚਾਰੀ ਆਪਣੀ 60 ਸਾਲ ਦੀ ਉਮਰ ਪੂਰੀ ਕਰਨਗੇ, ਉਸ ਮਹੀਨੇ ਦੀ ਆਖਰੀ ਮਿਤੀ ਨੂੰ ਐਨ.ਐਚ.ਐਮ. ਦੀਆਂ ਸੇਵਾਂਵਾ ਤੋਂ ਸੇਵਾ ਮੁਕਤ ਕਰ ਦਿੱਤਾ ਜਾਵੇਗਾ।

3. ਜਿਹੜੇ ਕਰਮਚਾਰੀ ਇਹ ਹੁਕਮ ਜਾਰੀ ਹੋਣ ਤੋਂ ਪਹਿਲਾਂ ਹੀ ਉਕਤ ਨੰਬਰ 1 ਅਤੇ 2 ਅਨੁਸਾਰ ਆਪਣੀ ਉਮਰ ਪੂਰੀ ਕਰ ਚੁੱਕੇ ਹਨ ਤਾਂ ਉਹਨਾਂ ਨੂੰ ਐਨ.ਐਚ.ਐਮ. ਦੇ ਨਿਯਮਾਂ ਅਨੁਸਾਰ ਨੋਟਿਸ ਦਿੰਦੇ ਹੋਏ ਸੇਵਾ ਮੁਕਤ ਕਰ ਦਿੱਤਾ ਜਾਵੇ।

ਇਹ ਹੁਕਮ ਤੁਰੰਤ ਲਾਗੂ ਹੋਣਗੇ।

ਕੁਮਾਰ ਰਾਹੁਲ, ਆਈ.ਏ.ਐਸ
ਮਿਸ਼ਨ ਡਾਇਰੈਕਟਰ ਐਨ.ਐਚ.ਐਮ.ਪੰਜਾਬ।

Endst. No. NHM/Pb/21/7064-70171 dated:- 18/6/2021

ਉਪਰੋਕਤ ਦਾ ਉਤਾਰਾ:-

1. ਸਕੱਤਰ ਪ੍ਰਮੁੱਖ ਸਕੱਤਰ ਸਿਹਤ ਨੂੰ ਮਾਨਯੋਗ ਪ੍ਰਮੁੱਖ ਸਕੱਤਰ ਜੀ ਦੀ ਜਾਣਕਾਰੀ ਹਿੱਤ।
2. ਨਿੱਜੀ ਸਹਾਇਕ, ਐਮ.ਡੀ. ਐਨ.ਐਚ.ਐਮ. ਨੂੰ ਮਾਣਯੋਗ ਮਿਸ਼ਨ ਡਾਇਰੈਕਟਰ ਜੀ ਦੀ ਜਾਣਕਾਰੀ ਹਿੱਤ।
3. ਡਾਇਰੈਕਟਰ ਸਿਹਤ ਤੇ ਪਰਿਵਾਰ ਭਲਾਈ ਪੰਜਾਬ।
4. ਡਾਇਰੈਕਟਰ ਪਰਿਵਾਰ ਭਲਾਈ ਪੰਜਾਬ।
5. ਡਾਇਰੈਕਟਰ ਪੀ.ਐਚ.ਐਸ.ਸੀ. ਮੋਹਾਲੀ।
6. ਡਾਇਰੈਟਕਰ ਆਯੁਰਵੈਦਾ ਪੰਜਾਬ ਅਤੇ ਮੁੱਖੀ ਹੋਮਿਓਪੈਥੀ ਵਿਭਾਗ ਪੰਜਾਬ ਨੂੰ ਜਾਣਕਾਰੀ ਅਤੇ ਕਾਰਵਾਈ ਹਿੱਤ।
7. ਸਮੂਹ ਸਿਵਲ ਸਰਜਨ ਪੰਜਾਬ ਨੂੰ ਜਾਣਕਾਰੀ ਅਤੇ ਕਾਰਵਾਈ ਹਿੱਤ।
8. ਸਮੂਹ ਪ੍ਰੋਗਰਾਮ ਅਫਸਰ ਐਨ.ਐਚ.ਐਮ. ਪੰਜਾਬ

ਡਾਇਰੈਕਟਰ
ਐਨ.ਐਚ.ਐਮ. ਪੰਜਾਬ।